# ਕੈਨੇਡੀਅਨ ਬੈਂਕਿੰਗ ਸ਼ਬਦਾਂ (ਟਰਮਜ਼) ਲਈ ਗਾਈਡ

ਹੁਣ ਕੈਨੇਡਾ ਵਿੱਚ ਬੈਂਕਿੰਗ ਬਾਰੇ ਆਪਣਾ ਵਿਸ਼ਵਾਸ ਪੈਦਾ ਕਰਨਾ ਸ਼ੁਰੂ ਕਰੋ।



# ਕੈਨੇਡਾ ਵਿੱਚ ਸੁਆਗਤ ਹੈ

ਅਸੀਂ ਸਮਝਦੇ ਹਾਂ ਕਿ ਨਵੇਂ ਦੇਸ਼ ਵਿੱਚ ਜਾਣਾ ਚੁਣੌਤੀ ਭਰਪੂਰ ਹੋ ਸਕਦਾ ਹੈ। ਉਦਾਹਰਣ ਦੇ ਤੌਰ ‘ਤੇ, ਬੈਂਕਿੰਗ ਨਾਲ ਜੁੜੇ ਕੁਝ ਸ਼ਬਦ (ਟਰਮਜ਼) ਤੁਹਾਡੇ ਲਈ ਨਵੇਂ ਹੋ ਸਕਦੇ ਹਨ। ਇਹ ਗਾਈਡ ਤੁਹਾਨੂੰ ਕੈਨੇਡਾ ਵਿੱਚ ਬੈਂਕਿੰਗ ਨਾਲ ਜੁੜੇ ਆਮ ਸ਼ਬਦ (ਟਰਮਜ਼) ਸਮਝਣ ਵਿੱਚ ਮਦਦ ਕਰ ਸਕਦੀ ਹੈ ਅਤੇ ਤੁਸੀਂ ਆਪਣੇ ਨਵੇਂ ਘਰ ਵਿੱਚ ਬੈਂਕਿੰਗ ਬਾਰੇ ਜ਼ਿਆਦਾ ਆਤਮ-ਵਿਸ਼ਵਾਸ ਮਹਿਸੂਸ ਕਰੋਗੇ।

ਵੱਖੋ-ਵੱਖਰੇ ਦੇਸ਼ਾਂ ਵਿਚ ਪੇਸ਼ ਕੀਤੀਆਂ ਵਿੱਤੀ ਪ੍ਰੋਡਕਟਸ/ਸੇਵਾਵਾਂ ਦੀਆਂ ਸ਼ਰਤਾਂ ਵੱਖ-ਵੱਖ ਹੋਣਗੀਆਂ। ਹੇਠਾਂ ਦਿੱਤੀ ਜਾਣਕਾਰੀ ਸਿਰਫ਼ ਉਦਾਹਰਣ ਦੇ ਮਕਸਦ ਨਾਲ ਪ੍ਰਦਾਨ ਕੀਤੀ ਗਈ ਹੈ ਅਤੇ ਇਸ ਨੂੰ ਵੱਖੋ-ਵੱਖਰੇ ਦੇਸ਼ਾਂ ਵਿੱਚ ਉਪਲਬਧ ਪ੍ਰੋਡਕਟਸ ਦੀਆਂ ਸ਼ਰਤਾਂ ਦੇ ਮੁਕਾਬਲਤਨ ਅਤੇ ਵਿਆਪਕ ਰਿਵਿਊ ਨਹੀਂ ਸਮਝਣਾ ਚਾਹੀਦਾ। ਪੂਰੀ ਜਾਣਕਾਰੀ ਲਈ, ਕਿਰਪਾ ਕਰਕੇ ਆਪਣੀ ਪ੍ਰੋਡਕਟ/ਸੇਵਾ ਦੀਆਂ ਸ਼ਰਤਾਂ ਦੇਖੋ।

# ਰੋਜ਼ਾਨਾ ਦੀ ਬੈਂਕਿੰਗ



## ਚੈਕਿੰਗ ਖਾਤਾ

ਤੁਸੀਂ ਇਸ ਬੈਂਕ ਖਾਤੇ ਨੂੰ ਆਪਣੇ ਰੋਜ਼ਾਨਾ ਲੈਣ-ਦੇਣ ਲਈ ਵਰਤ ਸਕਦੇ ਹੋ। ਤੁਹਾਡੇ ਆਪਣੇ ਦੇਸ਼ ਵਿੱਚ, ਇਹ ਮੌਜੂਦਾ ਖ਼ਾਤੇ (current account) ਵਰਗਾ ਹੈ।



## ਬਚਤ ਖਾਤਾ

ਇਸ ਕਿਸਮ ਦਾ ਖਾਤਾ ਆਮ ਤੌਰ ‘ਤੇ ਤੁਹਾਨੂੰ ਇਸ ਵਿੱਚ ਜਮ੍ਹਾਂ ਕਰਵਾਏ ਹੋਏ ਪੈਸਿਆਂ ‘ਤੇ ਵਿਆਜ ਦਿੰਦਾ ਹੈ।



## ਖਾਤੇ ਵਿਚਲਾ ਬਕਾਇਆ

ਇਹ ਕਿਸੇ ਵੀ ਸਮੇਂ ਤੁਹਾਡੇ ਖਾਤੇ ਵਿਚਲੀ ਰਕਮ ਹੁੰਦੀ ਹੈ।




## ਡੈਬਿਟ ਕਾਰਡ

ਡੈਬਿਟ ਕਾਰਡ ਅਜੇਹਾ ਕਾਰਡ ਹੈ ਜੋ ਤੁਹਾਨੂੰ ਤੁਹਾਡੇ ਜਮ੍ਹਾਂ ਖਾਤੇ ਤੱਕ ਪਹੁੰਚ ਪ੍ਰਦਾਨ ਕਰਦਾ ਹੈ ਅਤੇ ਆਪਣੇ ਬੈਂਕ ਖਾਤੇ ਵਿਚੋਂ ਸਿੱਧੇ ਪੈਸੇ ਕਢਵਾਉਣ ਲਈ ਵੀ ਵਰਤਿਆ ਜਾ ਸਕਦਾ ਹੈ। ਤੁਸੀਂ ਇਸ ਕਾਰਡ ਨੂੰ ਆਪਣੇ ਵਲੋਂ ਰਿਟੇਲਰ ‘ਤੇ ਕੀਤੀ ਖ਼ਰੀਦਦਾਰੀ ਦੀ ਅਦਾਇਗੀ ਲਈ ਵਰਤ ਸਕਦੇ ਹੋ।



## Visa Debit*

Visa ਡੈਬਿਟ* ਤੁਹਾਡੇ TD ਐਕਸੈੱਸ ਕਾਰਡ ਤੇ ਅਜੇਹਾ ਫੀਚਰ ਹੈ ਜੋ ਤੁਹਾਡੇ ਬੈਂਕ ਖਾਤੇ ਵਿੱਚੋਂ ਸਿੱਧੇ ਪੈਸੇ ਵਰਤ ਕੇ, ਤੁਹਾਨੂੰ ਆਨਲਾਈਨ ਖ਼ਰੀਦਦਾਰੀ ਕਰਨ, ਬਿੱਲਾਂ/ਸਬਸਕ੍ਰਿਪਸ਼ਨਜ਼ ਦੀਆਂ ਦੇਣਦਾਰੀਆਂ ਨੂੰ ਸੈੱਟ-ਅੱਪ ਕਰਨ ਅਤੇ ਇਨ-ਸਟੋਰ ਖ਼ਰੀਦਦਾਰੀ ਦੀ ਸੁਵਿਧਾ ਦਿੰਦਾ ਹੈ ਜਦ ਤੁਸੀਂ ਕੈਨੇਡਾ ਤੋਂ ਬਾਹਰ ਜਾਂਦੇ ਹੋ (ਜਿੱਥੇ Visa ਸਵੀਕਾਰ ਕੀਤਾ ਜਾਂਦਾ ਹੈ)।




## ਆਟੋਮੇਟਡ ਟੈਲਰ ਮਸ਼ੀਨ (ATM)

ਇੱਕ ਸੈਲਫ਼-ਸਰਵਿਸ ਮਸ਼ੀਨ ਹੈ ਜਿੱਥੇ ਤੁਸੀਂ ਆਪਣਾ ਡੈਬਿਟ ਕਾਰਡ ਜਾਂ ਕ੍ਰੈਡਿਟ ਕਾਰਡ, ਅਤੇ ਪਿੰਨ ਵਰਤ ਕੇ ਬੇਸਿਕ ਬੈਂਕਿੰਗ ਲੈਣ-ਦੇਣ ਪੂਰਾ ਕਰ ਸਕਦੇ ਹੋ ਅਤੇ ਨਕਦੀ ਕਢਵਾ ਸਕਦੇ ਹੋ।

# ਰੋਜ਼ਾਨਾ ਦੀ ਬੈਂਕਿੰਗ (ਜਾਰੀ)




## ਚੈੱਕ

ਚੈੱਕ ਇੱਕ ਵਿੱਤੀ ਸਾਧਨ ਹੈ ਜੋ ਇਕ ਬੈਂਕ ਖਾਤੇ ਵਿਚੋਂ ਕਿਸੇ ਵਿਅਕਤੀ (ਜਾਂ ਬਿਜਨਿਸ) ਨੂੰ ਖਾਸ ਧਨ ਰਾਸ਼ੀ ਦੀ ਅਦਾਇਗੀ ਕਰਨ ਲਈ ਬੈਂਕ ਨੂੰ ਹਦਾਇਤ ਦਿੰਦਾ ਹੈ। ਚੈੱਕ ਰਾਹੀਂ ਅਦਾਇਗੀ ਲਈ, ਤੁਸੀਂ ਅਦਾਇਗੀ ਦੀ ਜਾਣਕਾਰੀ ਸ਼ਾਮਲ ਕਰਦੇ ਹੋ, ਇਸ 'ਤੇ ਦਸਤਖ਼ਤ ਕਰਦੇ ਹੋ ਅਤੇ ਉਸ ਵਿਅਕਤੀ ਨੂੰ ਦੇ ਦਿੰਦੇ ਹੋ ਜਿਸ ਨੂੰ ਪੈਸੇ ਦੇਣੇ ਹੁੰਦੇ ਹਨ। ਜਦ ਉਹ ਚੈੱਕ ਨੂੰ ਆਪਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਉਂਦੇ ਹਨ ਤਾਂ ਤੁਹਾਡੇ ਖਾਤੇ ਵਿੱਚੋਂ ਪੈਸਾ ਨਿੱਕਲ ਜਾਵੇਗਾ।

---




## ਪ੍ਰਮਾਣਿਤ ਚੈੱਕ

ਇੰਡੀਆ ਵਿਚ ਬੈਂਕਰ ਚੈੱਕ (Bankers Cheque) ਵਰਗੀ ਇਹ ਚੈੱਕ ਦੀ ਕਿਸਮ ਹੈ ਜਿੱਥੇ ਜਾਰੀ ਕਰਨ ਵਾਲਾ ਬੈਂਕ ਇਹ ਗਰੰਟੀ ਦਿੰਦਾ ਹੈ ਕਿ ਧਾਰਕ ਦੇ ਖਾਤੇ ਵਿੱਚ ਕਾਫ਼ੀ ਪੈਸੇ ਹੋਣਗੇ ਜਦ ਪ੍ਰਾਪਤ-ਕਰਤਾ ਚੈੱਕ ਨੂੰ ਬੈਂਕ ਵਿੱਚ ਜਮ੍ਹਾਂ ਕਰਵਾਉਣ ਦਾ ਫ਼ੈਸਲਾ ਕਰਦਾ ਹੈ।

---



## ਬੈਂਕ ਡਰਾਫਟ

ਬੈਂਕ ਡਰਾਫਟ, ਪ੍ਰਮਾਣਿਤ ਚੈੱਕ ਦਾ ਬਦਲ ਹਨ, ਜਿਥੇ ਜਾਰੀ ਕਰਨ ਵਾਲਾ ਬੈਂਕ ਅਦਾਇਗੀ ਦੀ ਗਰੰਟੀ ਦਿੰਦਾ ਹੈ। ਇਨ੍ਹਾਂ ਨੂੰ ਬੈਂਕ ਵਿਚ ਜਾ ਕੇ ਖ਼ਰੀਦਿਆ ਜਾ ਸਕਦਾ ਹੈ। ਇਹ ਤੁਹਾਡੇ ਦੇਸ਼ ਵਿੱਚ ਮੰਗ ਡਰਾਫਟ (Demand Draft) ਦੀ ਉਦਾਹਰਣ ਹੋ ਸਕਦਾ ਹੈ।

---



## ਓਵਰਡਰਾਫਟ ਸੁਰੱਖਿਆ

ਫੀਸ ਅਦਾ ਕਰਕੇ, ਇਹ ਕਦੇ-ਕਦਾਈਂ ਲੈਣ-ਦੇਣ ਦੇ ਘਾਟੇ ਨੂੰ ਕਵਰ ਕਰਨ ਲਈ ਤੁਹਾਡੀ ਮਦਦ ਕਰਨ ਦਾ ਇਕ ਤਰੀਕਾ ਹੈ ਜੋ ਤੁਹਾਡੇ ਚੈਕਿੰਗ ਖਾਤੇ ਵਿੱਚ ਹੋ ਸਕਦਾ ਹੈ ਅਤੇ ਜੇ ਤੁਸੀਂ ਆਪਣੇ ਖਾਤੇ ਵਿੱਚੋਂ ਮਨਜ਼ੂਰ-ਸ਼ੁਦਾ ਸੀਮਾ ਤੋਂ ਜ਼ਿਆਦਾ ਪੈਸੇ ਕਢਵਾਉਂਦੇ ਹੋ ਤਾਂ ਇਸਨੂੰ ਵੀ ਕਵਰ ਕਰੇਗਾ।

---




## ਪੂਰਵ-ਅਧਿਕਾਰਤ ਅਦਾਇਗੀ

ਇਹ ਅਵਰਤੀ ਅਦਾਇਗੀਆਂ ਹੁੰਦੀਆਂ ਹਨ ਜੋ ਤੁਹਾਡੇ ਬੈਂਕ ਖਾਤੇ ਵਿੱਚ ਆਪਣੇ ਆਪ ਚਲੇ ਜਾਂਦੀਆਂ ਹਨ। ਤੁਸੀਂ ਕੰਪਨੀ ਨਾਲ ਪੂਰਵ-ਅਧਿਕਾਰਤ ਡੈਬਿਟ (PAD) ਸੈੱਟ-ਅੱਪ ਕਰ ਸਕਦੇ ਹੋ, ਉਦਾਹਰਣ ਦੇ ਤੌਰ 'ਤੇ ਤੁਹਾਡਾ ਸਹੂਲਤਾਂ ਪ੍ਰਦਾਨ-ਕਰਤਾ, ਜਿਨ੍ਹਾਂ ਨੂੰ ਅਵਰਤੀ ਅਧਾਰ 'ਤੇ ਤੁਹਾਡੇ ਖਾਤੇ ਵਿੱਚ ਪੂਰਵ-ਨਿਰਧਾਰਿਤ ਰਕਮ ਨੂੰ ਆਪਣੇ ਆਪ ਕਢਵਾਉਣ ਦੀ ਆਗਿਆ ਦਿੰਦਾ ਹੈ।

---



## ਡਾਇਰੈਕਟ ਜਮ੍ਹਾਂ

ਡਾਇਰੈਕਟ ਜਮ੍ਹਾਂ, ਚੈੱਕ ਨੂੰ ਜਮ੍ਹਾਂ ਕਰਵਾਏ ਤੋਂ ਬਗੈਰ ਅਦਾਇਗੀਆਂ ਨੂੰ ਆਪਣੇ ਖਾਤੇ ਵਿੱਚ ਪ੍ਰਾਪਤ ਕਰਨ ਦਾ ਇੱਕ ਤਰੀਕਾ ਹੈ (ਇਸਦੀ ਉਦਾਹਰਣ ਹੈ ਆਪਣੇ ਤਨਖ਼ਾਹ ਦੇ ਚੈੱਕ ਨੂੰ ਸਿੱਧਾ ਆਪਣੇ ਖਾਤੇ ਵਿੱਚ ਜਮ੍ਹਾਂ ਕਰਵਾਉਣਾ)।

# ਕ੍ਰੈਡਿਟ ਕਾਰਡ



## ਕ੍ਰੈਡਿਟ ਕਾਰਡ

ਕ੍ਰੈਡਿਟ ਕਾਰਡ ਤੁਹਾਡੇ ਖਾਤੇ ਲਈ ਡਿਜੀਟਲ ਅਤੇ/ਜਾਂ ਫਿਜੀਕਲ ਕ੍ਰੈਡਿਟ ਕਾਰਡ ਹੈ ਜੋ ਤੁਹਾਨੂੰ ਜਾਰੀ ਕੀਤਾ ਜਾਂਦਾ ਹੈ। ਕ੍ਰੈਡਿਟ ਕਾਰਡ ਨੂੰ ਖ਼ਰੀਦਦਾਰੀ ਕਰਨ ਜਾਂ ਕੈਸ਼ ਐਡਵਾਂਸ ਲਈ ਵਰਤਿਆ ਜਾ ਸਕਦਾ ਹੈ ਜਾਂ, ਤੁਹਾਡੇ ਕੋਲ TD ਨਾਲ ਹੋਰ ਖਾਤੇ ਹਨ-ਇਸਨੂੰ TD ਦੇ ਉਨ੍ਹਾਂ ਖਾਤਿਆਂ ਤੀਕ ਪਹੁੰਚ ਲਈ ਵਰਤ ਸਕਦੇ ਹੋ। ਇਸ ਵਿਚ ਸ਼ਾਮਲ ਹੈ:

- ਕਾਰਡ ਦੀ ਬਦਲੀ ਜਾਂ ਨਵਿਆਉਣਾ
- ਕਾਰਡ ਨੰਬਰ
- ਕਾਰਡ 'ਤੇ ਮਿਆਦ ਪੁੱਗਣ ਦੀ ਤਾਰੀਕ; ਅਤੇ
- CVV2

---



## ਕ੍ਰੈਡਿਟ ਕਾਰਡ ਖਾਤਾ

ਪ੍ਰਾਇਮਰੀ ਕਾਰਡਧਾਰਕ ਵੱਲੋਂ ਕ੍ਰੈਡਿਟ ਕਾਰਡ ਖਾਤਾ ਖੋਲ੍ਹਿਆ ਤੇ ਕਾਇਮ ਰੱਖਿਆ ਜਾਂਦਾ ਹੈ। ਪ੍ਰਾਇਮਰੀ ਕਾਰਡਧਾਰਕ ਕ੍ਰੈਡਿਟ ਕਾਰਡ ਖਾਤਾ ਅਤੇ ਕ੍ਰੈਡਿਟ ਕਾਰਡ ਖਾਤੇ 'ਤੇ ਕੀਤੇ ਲੈਣ-ਦੇਣ ਲਈ ਜ਼ਿੰਮੇਵਾਰ ਹੁੰਦਾ ਹੈ। ਇਸ ਵਿੱਚ ਵਾਧੂ ਕਾਰਡਧਾਰਕ ਵੱਲੋਂ ਕੀਤਾ ਹੋਇਆ ਲੈਣ-ਦੇਣ ਵੀ ਸ਼ਾਮਲ ਹੁੰਦਾ ਹੈ। ਕ੍ਰੈਡਿਟ ਕਾਰਡ ਖਾਤੇ ਲਈ ਪ੍ਰਾਇਮਰੀ ਕਾਰਡਧਾਰਕ ਦੀਆਂ ਜ਼ਿੰਮੇਵਾਰੀਆਂ ਬਾਰੇ ਜ਼ਿਆਦਾ ਜਾਣਣ ਲਈ, ਕਿਰਪਾ ਕਰਕੇ ਆਪਣਾ ਕਾਰਡਧਾਰਕ ਸਮਝੌਤਾ ਦੇਖੋ।

---



## ਪ੍ਰਾਇਮਰੀ ਕਾਰਡਧਾਰਕ

ਗਾਹਕ ਜੋ ਕ੍ਰੈਡਿਟ ਕਾਰਡ ਲਈ ਅਪਲਾਈ ਕਰਦਾ ਹੈ, ਜਿਸਦਾ ਨਾਮ ਖਾਤੇ 'ਤੇ ਹੈ, ਅਤੇ ਜੋ ਖਾਤੇ ਲਈ ਜ਼ਿੰਮੇਵਾਰ ਹੁੰਦਾ ਹੈ।

---



## ਕ੍ਰੈਡਿਟ ਕਾਰਡ - ਕ੍ਰੈਡਿਟ ਦੀ ਸੀਮਾ

ਕ੍ਰੈਡਿਟ ਦੀ ਸੀਮਾ ਲੈਣ-ਦੇਣ ਦੀ ਰਕਮ ਹੈ ਜੋ ਖਾਤੇ 'ਤੇ ਕੀਤੀ ਜਾ ਸਕਦੀ ਹੈ। ਖਾਤੇ ਦੀ ਮੁੱਢਲੀ ਕ੍ਰੈਡਿਟ ਸੀਮਾ ਡਿਸਕਲੋਜ਼ਰ ਸਟੇਟਮੈਂਟ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ। ਪ੍ਰਾਇਮਰੀ ਕਾਰਡਧਾਰਕ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਕਿ ਖਾਤੇ ਵਿਚਲੀ ਦੇਣਦਾਰੀ ਦੀ ਰਕਮ ਕ੍ਰੈਡਿਟ ਦੀ ਸੀਮਾ ਤੋਂ ਜ਼ਿਆਦਾ ਨਾ ਹੋਵੇ। ਲੈਣ-ਦੇਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਜਿਸ ਨਾਲ ਬਕਾਇਆ ਕ੍ਰੈਡਿਟ ਦੀ ਸੀਮਾ ਤੋਂ ਜ਼ਿਆਦਾ ਹੋ ਜਾਵੇਗਾ। ਜੇ ਕ੍ਰੈਡਿਟ ਦੀ ਸੀਮਾ ਵਧਾਈ ਜਾ ਸਕਦੀ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਖਾਤੇ ਦੀ ਕ੍ਰੈਡਿਟ ਦੀ ਸੀਮਾ ਵੱਧ ਗਈ ਹੈ। ਜਿਹੜੀ ਰਕਮ ਕ੍ਰੈਡਿਟ ਦੀ ਸੀਮਾ ਤੋਂ ਵੱਧ ਜਾਂਦੀ ਹੈ, ਇਹ ਘੱਟ ਤੋਂ ਘੱਟ ਅਦਾਇਗੀ ਦਾ ਹਿੱਸਾ ਬਣ ਜਾਵੇਗੀ। ਕੁਝ ਕਾਰਡਧਾਰਕਾਂ ਲਈ, ਜੇ ਬਕਾਇਆ ਕ੍ਰੈਡਿਟ ਦੀ ਸੀਮਾ ਤੋਂ ਵੱਧ ਜਾਂਦਾ ਹੈ ਤਾਂ ਉਨ੍ਹਾਂ ਕੋਲੋਂ ਓਵਰ ਲਿਮਟ ਫੀਸ ਵੀ ਚਾਰਜ ਕੀਤੀ ਜਾ ਸਕਦੀ ਹੈ। ਇਹ ਜਾਣਨ ਲਈ ਕਿ ਕੀ ਤੁਹਾਡੇ ਕੋਲੋਂ ਓਵਰ ਲਿਮਟ ਫੀਸ ਚਾਰਜ ਕੀਤੀ ਜਾਵੇਗੀ, ਆਪਣੀ ਡਿਸਕਲੋਜ਼ਰ ਸਟੇਟਮੈਂਟ ਦੇਖੋ।

# ਕ੍ਰੈਡਿਟ ਕਾਰਡ (ਜਾਰੀ)



## ਕ੍ਰੈਡਿਟ ਕਾਰਡ- ਉਪਲਬਧ ਕ੍ਰੈਡਿਟ

ਉਪਲਬਧ ਕ੍ਰੈਡਿਟ, ਕ੍ਰੈਡਿਟ ਦੀ ਰਾਸ਼ੀ ਹੁੰਦੀ ਹੈ ਜੋ ਖਾਤੇ ‘ਤੇ ਕਿਸੇ ਵੀ ਸਮੇਂ ਉਪਲਬਧ ਹੁੰਦੀ ਹੈ। ਉਪਲਬਧ ਕ੍ਰੈਡਿਟ ਘੱਟ ਜਾਵੇਗਾ ਜਦ ਖਾਤੇ ਵਿੱਚੋਂ ਫੀਸਾਂ, ਵਿਆਜ ਦੀ ਰਾਸ਼ੀ ਅਤੇ ਐਡਜਸਟਮੈਂਟਸ ਸਮੇਤ ਲੈਣ-ਦੇਣ ਚਾਰਜ ਕੀਤਾ ਜਾਂਦਾ ਹੈ। ਕੁਝ ਵਪਾਰੀ ਖਾਤੇ ਦੇ ਉਪਲਬਧ ਕ੍ਰੈਡਿਟ ਦਾ ਕੁਝ ਹਿੱਸਾ ਹੋਲਡ ਕਰ ਲੈਂਦੇ ਹਨ। ਵਪਾਰੀ ਲੈਣ-ਦੇਣ ਨੂੰ ਪੂਰਾ ਕਰਨ ਤੋਂ ਪਹਿਲਾਂ ਅਜੇਹਾ ਕਰ ਸਕਦੇ ਹਨ ਜਦ ਉਹ ਆਰਜ਼ੀ ਤੌਰ ‘ਤੇ ਖਾਤੇ ਵਿੱਚੋਂ ਖਰੀਦ ਕੀਮਤ ਜਾਂ ਅੰਦਾਜ਼ਨ ਖ਼ਰੀਦ ਕੀਮਤ ਪੂਰਵ-ਅਧਿਕਾਰਤ ਕਰਦੇ ਹਨ। ਜਦ ਉਹ ਅਜੇਹਾ ਕਰਦੇ ਹਨ ਤਾਂ ਉਪਲਬਧ ਕ੍ਰੈਡਿਟ ਉਸ ਸਮੇਂ ਤੱਕ ਘੱਟ ਜਾਂਦਾ ਹੈ ਜਦ ਤੱਕ ਇਹ ਪੂਰਵ-ਅਧਿਕਾਰਤ ਰਾਸ਼ੀ ਵਪਾਰੀ ਰਾਹੀਂ ਐਡਜਸਟ ਨਹੀਂ ਕੀਤੀ ਜਾਂਦੀ ਹੈ।



## ਕ੍ਰੈਡਿਟ ਕਾਰਡ-ਅਦਾਇਗੀ ਕਰਨ ਦੀ ਤਾਰੀਕ

ਇਹ ਉਹ ਤਾਰੀਕ ਹੈ ਜਦੋਂ ਤੱਕ ਕ੍ਰੈਡਿਟ ਕਾਰਡ ਦੀ ਘੱਟ ਤੋਂ ਘੱਟ ਅਦਾਇਗੀ ਕਰਨੀ ਹੁੰਦੀ ਹੈ। ਅਦਾਇਗੀ ਕਰਨ ਦੀ ਤਾਰੀਕ ਤੁਹਾਡੀ ਸਟੇਟਮੈਂਟ ਵਿੱਚ ਦਿਖਾਈ ਹੁੰਦੀ ਹੈ ਅਤੇ ਸਦਾ ਤੁਹਾਡੀ ਸਟੇਟਮੈਂਟ ਦੀ ਤਾਰੀਕ ਤੋਂ 21 ਦਿਨਾਂ ਬਾਅਦ ਦੀ ਹੁੰਦੀ ਹੈ।




## ਕ੍ਰੈਡਿਟ ਕਾਰਡ- ਘੱਟ ਤੋਂ ਘੱਟ ਅਦਾਇਗੀ

ਤੁਹਾਨੂੰ ਅਦਾਇਗੀ ਕਰਨ ਦੀ ਤਾਰੀਕ ‘ਤੇ ਜਾਂ ਇਸ ਤੋਂ ਪਹਿਲਾਂ ਆਪਣੇ ਕ੍ਰੈਡਿਟ ਕਾਰਡ ਸਟੇਟਮੈਂਟ ‘ਤੇ ਦਿਖਾਈ ਘੱਟ ਤੋਂ ਘੱਟ ਅਦਾਇਗੀ ਜ਼ਰੂਰ ਕਰਨੀ ਪਵੇਗੀ। ਜੇ ਸਮੇਂ ਸਿਰ ਘੱਟ ਤੋਂ ਘੱਟ ਅਦਾਇਗੀ ਨਾ ਕੀਤੀ ਜਾਵੇ ਤਾਂ ਖਾਤਾ ਚੰਗੀ ਹਾਲਾਤ ਵਿੱਚ ਨਹੀਂ ਰਹੇਗਾ ਅਤੇ ਇਹ ਵੱਖੋ-ਵੱਖਰੇ ਤਰੀਕਿਆਂ ਨਾਲ ਖਾਤੇ ਨੂੰ ਪ੍ਰਭਾਵਤ ਕਰ ਸਕਦਾ ਹੈ। ਇਹ ਜਾਨਣ ਲਈ ਕਿ ਕੀ ਹੋ ਸਕਦਾ ਹੈ ਜੇ ਤੁਸੀਂ ਸਮੇਂ ਸਿਰ ਆਪਣੀ ਘੱਟ ਤੋਂ ਘੱਟ ਅਦਾਇਗੀ ਤੋਂ ਖੁੰਝ ਜਾਂਦੇ ਹੋ ਤਾਂ ਆਪਣੇ ਕਾਰਡਧਾਰਕ ਸਮਝੌਤੇ ਨੂੰ ਦੇਖੋ।




## ਸਾਲਾਨਾ ਫੀਸ

ਚੋਣਵੇਂ ਕ੍ਰੈਡਿਟ ਕਾਰਡ ਪ੍ਰੋਡਕਟਸ ਪ੍ਰਾਇਮਰੀ ਕਾਰਡਧਾਰਕਾਂ ਕੋਲੋਂ ਸਾਲਾਨਾ ਫੀਸ ਚਾਰਜ਼ ਕਰਨਗੇ ਜੋ ਸਾਲ ਵਿੱਚ ਇਕ ਵਾਰ ਅਦਾ ਕਰਨੀ ਹੁੰਦੀ ਹੈ। ਕੁਝ ਕ੍ਰੈਡਿਟ ਕਾਰਡ ਪ੍ਰੋਡਕਟਸ ਵਾਧੂ ਕਾਰਡਧਾਰਕਾਂ ਨੂੰ ਸ਼ਾਮਲ ਕਰਨ ਲਈ ਵੀ ਸਾਲਾਨਾ ਫੀਸ ਚਾਰਜ ਕਰਦੇ ਹਨ। ਆਪਣੀ ਸਾਲਾਨਾ ਫੀਸ ਅਤੇ ਇਹ ਫੀਸਾਂ ਕਦੋਂ ਚਾਰਜ ਕੀਤੀਆਂ ਜਾਣਗੀਆਂ, ਬਾਰੇ ਜ਼ਿਆਦਾ ਜਾਨਣ ਲਈ ਆਪਣੀ ਡਿਸਕਲੋਜ਼ਰ ਸਟੇਟਮੈਂਟ ਦੇਖੋ।



## ਰਿਵਾਰਡਜ਼ ਅਧਾਰਤ ਕ੍ਰੈਡਿਟ ਕਾਰਡ

ਕ੍ਰੈਡਿਟ ਕਾਰਡ ਪ੍ਰੋਡਕਟਸ ਜਿੱਥੇ ਕਮਾਏ ਹੋਏ ਅੰਕ, ਰਿਵਾਰਡ ਅੰਕ ਹੁੰਦੇ ਹਨ ਜਦ ਤੁਸੀਂ ਰਿਵਾਰਡਜ਼ ਪ੍ਰੋਗਰਾਮ ਨਾਲ ਜੁੜੇ ਹੋਏ ਖਾਤੇ ਨਾਲ ਯੋਗ ਖ਼ਰੀਦਦਾਰੀ ਕਰਦੇ ਹੋ। ਤੁਹਾਡੇ ਵੱਲੋਂ ਕਮਾਏ ਹੋਏ ਅੰਕ, ਰਾਸ਼ੀ ਤੇ ਖਾਤੇ ਨਾਲ ਕੀਤੀ ਹੋਈ ਵਿਸ਼ੇਸ਼ ਕਿਸਮ ਦੀ ਖ਼ਰੀਦਦਾਰੀ ਅਤੇ ਤੁਹਾਡੇ ਕ੍ਰੈਡਿਟ ਕਾਰਡ ਦੀ ਕਿਸਮ ਤੇ ਨਿਰਭਰ ਕਰਦੇ ਹਨ। ਰਿਵਾਰਡਜ਼ ਪ੍ਰੋਗਰਾਮ ਬਾਰੇ ਜ਼ਿਆਦਾ ਜਾਨਣ ਲਈ, ਆਪਣਾ ਕਾਰਡਧਾਰਕ ਸਮਝੌਤਾ ਦੇਖੋ।

# ਕ੍ਰੈਡਿਟ ਕਾਰਡ (ਜਾਰੀ)



## ਕੈਸ਼ ਬੈਕ ਅਧਾਰਤ ਕ੍ਰੈਡਿਟ ਕਾਰਡ

ਕ੍ਰੈਡਿਟ ਕਾਰਡ ਪ੍ਰੋਡਕਟਸ ਜਿੱਥੇ ਕਮਾਏ ਰਿਵਾਰਡ ਕ੍ਰੈਡਿਟ ਕੈਸ਼ ਬੈਕ ਡਾਲਰ (ਵਾਪਸ ਮਿਲਣ ਵਾਲੇ ਡਾਲਰ) ਹੁੰਦੇ ਹਨ ਜਦ ਤੁਸੀਂ ਕੈਸ਼ ਬੈਕ ਪ੍ਰੋਗਰਾਮ ਨਾਲ ਜੁੜੇ ਹੋਏ ਖਾਤੇ ਨਾਲ ਯੋਗ ਖ਼ਰੀਦਦਾਰੀ ਕਰਦੇ ਹੋ। ਤੁਹਾਡੇ ਵੱਲੋਂ ਕਮਾਏ ਹੋਏ ਕੈਸ਼ ਬੈਕ ਡਾਲਰ, ਰਾਸ਼ੀ ‘ਤੇ ਖਾਤੇ ਨਾਲ ਕੀਤੀ ਹੋਈ ਵਿਸ਼ੇਸ਼ ਕਿਸਮ ਦੀ ਖ਼ਰੀਦਦਾਰੀ ਅਤੇ ਤੁਹਾਡੇ ਕ੍ਰੈਡਿਟ ਕਾਰਡ ਦੀ ਕਿਸਮ ‘ਤੇ ਨਿਰਭਰ ਕਰਦੇ ਹਨ। ਕੈਸ਼ ਬੈਕ ਪ੍ਰੋਗਰਾਮ ਬਾਰੇ ਜ਼ਿਆਦਾ ਜਾਨਣ ਲਈ, ਆਪਣਾ ਕਾਰਡਧਾਰਕ ਸਮਝੌਤਾ ਦੇਖੋ।




## ਕ੍ਰੈਡਿਟ ਸਕੋਰ

ਕ੍ਰੈਡਿਟ ਸਕੋਰ 300 ਅਤੇ 900 ਦੇ ਦਰਮਿਆਨ ਰੇਟਿੰਗ ਹੈ ਜਿਸ ਨਾਲ ਵਿੱਤੀ ਸੰਸਥਾਵਾਂ ਅਤੇ ਕ੍ਰੈਡਿਟ ਰਿਣਦਾਤੇ ਕ੍ਰੈਡਿਟ ਦਾ ਪ੍ਰਬੰਧ ਕਰਨ ਦੀ ਤੁਹਾਡੀ ਸਮਰੱਥਾ ਬਾਰੇ ਜਾਣਦੇ ਹਨ। ਜਿੰਨਾ ਜ਼ਿਆਦਾ ਤੁਹਾਡਾ ਸਕੋਰ ਹੋਵੇਗਾ ਉਨਾ ਹੀ ਬਿਹਤਰ ਤੁਹਾਡੇ ਕ੍ਰੈਡਿਟ ਦਾ ਪ੍ਰਬੰਧ ਕਰਨ ਦੀ ਸਮਰੱਥਾ ਦਾ ਮੁਲਾਂਕਣ ਹੋਵੇਗਾ।



## ਕ੍ਰੈਡਿਟ ਹਿਸਟਰੀ

ਇਹ ਵਿੱਤੀ ਸੰਸਥਾਵਾਂ, ਰਿਟੇਲਰਜ਼ ਅਤੇ ਦੂਸਰੇ ਰਿਣਦਾਤਾਵਾਂ ਤੋਂ ਇਕੱਤਰ ਕੀਤੇ ਗਏ ਤੱਥਾਂ ਦੀ ਲਿਸਟ ਹੈ ਕਿ ਤੁਸੀਂ ਬੀਤੇ ਸਮੇਂ ਵਿੱਚ ਕ੍ਰੈਡਿਟ ਦਾ ਕਿਵੇਂ ਪ੍ਰਬੰਧ ਕੀਤਾ ਹੈ। ਚੰਗੇਰੀ ਕ੍ਰੈਡਿਟ ਜਾਣਕਾਰੀ ਤੁਹਾਡੀ ਫਾਇਲ ‘ਤੇ ਹਮੇਸ਼ਾ ਰਹੇਗੀ ਜਦਕਿ ਮਾੜੀ ਕ੍ਰੈਡਿਟ ਜਾਣਕਾਰੀ ਤੁਹਾਡੀ ਰਿਹਾਇਸ਼ ਦੇ ਪ੍ਰੋਵਿੰਸ ‘ਤੇ ਅਧਾਰਤ ਅੰਦਾਜ਼ਨ 6-7 ਸਾਲ ਤੁਹਾਡੀ ਫਾਇਲ ‘ਤੇ ਰਹੇਗੀ। ਇਹ ਜਾਣਕਾਰੀ ਤੁਹਾਡੀ ਕ੍ਰੈਡਿਟ-ਭਰੋਸੇਯੋਗਤਾ ਦੀ ਪਰੋਫਾਇਲ ਬਣਾਉਂਦੀ ਹੈ ਜਿਸਨੂੰ ਤੁਹਾਡੀ ਕ੍ਰੈਡਿਟ ਰੇਟਿੰਗ ਕਿਹਾ ਜਾਂਦਾ ਹੈ। ਤੁਹਾਡੀ ਕ੍ਰੈਡਿਟ ਰੇਟਿੰਗ ਬੈਂਕਾਂ ਅਤੇ ਦੂਸਰੀਆਂ ਕੰਪਨੀਆਂ ਵੱਲੋਂ ਇਹ ਫੈਸਲਾ ਕਰਨ ਲਈ ਮਦਦ ਵਜੋਂ ਵਰਤੀ ਜਾਂਦੀ ਹੈ ਕਿ ਕੀ ਉਹ ਤੁਹਾਨੂੰ ਧਨ ਉਧਾਰ ਲੈਣ ਦੀ ਆਗਿਆ ਦੇਣਗੇ, ਅਤੇ ਕਿੰਨਾ ਧਨ ਦੇਣਗੇ।



## ਕ੍ਰੈਡਿਟ ਬਿਊਰੋ ਰਿਪੋਰਟ

ਕ੍ਰੈਡਿਟ ਹਿਸਟਰੀ ਕੈਨੇਡਾ ਦੇ ਸੈਂਟਰਲ ਕ੍ਰੈਡਿਟ ਬਿਊਰੋਜ਼ ਵੱਲੋਂ ਸੰਕਲਿਤ ਇਕੱਤਰ ਕੀਤੀ ਜਾਂਦੀ ਹੈ। ਜਦ ਕੋਈ ਵਿੱਤੀ ਸੰਸਥਾ ਕਿਸੇ ਖਾਤੇ ਲਈ ਕ੍ਰੈਡਿਟ ਵਾਸਤੇ ਅਰਜ਼ੀ ‘ਤੇ ਵਿਚਾਰ ਕਰਦੀ ਹੈ ਤਾਂ ਇਹ ਉਸ ਦੀ ਕ੍ਰੈਡਿਟ ਰਿਪੋਰਟ ਤੱਕ ਪਹੁੰਚ ਲਈ ਅਰਜ਼ੀਕਰਤਾ ਦੀ ਸਹਿਮਤੀ ਲਈ ਬੇਨਤੀ ਕਰੇਗੀ ਜੋ ਅਰਜ਼ੀਕਰਤਾ ਦੀ ਕ੍ਰੈਡਿਟ ਹਿਸਟਰੀ ਦਾ ਸਾਰ ਪ੍ਰਦਾਨ ਕਰੇਗੀ। ਇਹ ਇੰਡੀਆ ਵਿਚਲੀ ਕ੍ਰੈਡਿਟ ਰਿਪੋਰਟ ਵਰਗੀ ਹੈ।



## ਕ੍ਰੈਡਿਟ ਚੈੱਕ

ਇਹ ਕ੍ਰੈਡਿਟ ਰਿੱਣਦਾਤਾ ਜਾਂ ਦੂਸਰੀ ਪਾਰਟੀ (ਜਿਵੇਂ ਸੰਭਾਵੀ ਲੈਂਡਲਾਰਡ) ਵੱਲੋਂ ਗਾਹਕ ਦੇ ਉਧਾਰ ਲਏ ਪੈਸਿਆਂ ਨੂੰ ਵਾਪਸ ਕਰਨ ਦੇ ਟਰੈਕ ਰਿਕਾਰਡ ਨੂੰ ਸਮਝਣ ਵਾਸਤੇ, ਗਾਹਕ ਦੀ ਕ੍ਰੈਡਿਟ ਹਿਸਟਰੀ ਦਾ ਰਿਵਿਊ ਹੈ। ਜੇ ਕੋਈ ਰਿੱਣਦਾਤਾ ਜਾਂ ਦੂਸਰੀ ਪਾਰਟੀ ਆਰੰਭਕ ਕ੍ਰੈਡਿਟ ਚੈੱਕ ਕਰ ਰਹੀ ਹੈ ਤਾਂ ਇਹ ਸਿਰਫ਼ ਗਾਹਕ ਦੀ ਸਹਿਮਤੀ ਨਾਲ ਹੀ ਪੂਰਾ ਹੋ ਸਕਦਾ ਹੈ।

# ਮੋਰਗੇਜਾਂ



## ਮੋਰਗੇਜ

ਰੀਅਲ ਅਸਟੇਟ ਰਾਹੀਂ ਸੁਰੱਖ਼ਿਅਤ ਕਰਜ਼ਾ, ਜੋ ਇੰਡੀਆ ਵਿੱਚ ਘਰ ਦੇ ਕਰਜ਼ੇ (Home Loan) ਵਰਗਾ ਹੋ ਸਕਦਾ ਹੈ।



## ਡਾਊਨ ਪੇਮੈਂਟ

ਇਹ ਘਰ ਨੂੰ ਖ਼ਰੀਦਣ ਲਈ ਤੁਹਾਡੇ ਵੱਲੋਂ ਦਿੱਤੀ ਰਾਸ਼ੀ ਹੈ। ਖ਼ਰੀਦ ਮੁੱਲ ਵਿੱਚੋਂ ਡਾਊਨ ਪੇਮੈਂਟ ਦੀ ਘਟਾਈ ਹੋਈ ਰਕਮ ਉਹ ਰਕਮ ਹੁੰਦੀ ਹੈ ਜੋ ਤੁਹਾਨੂੰ ਉਧਾਰ ਲੈਣ ਲਈ ਲੋੜੀਂਦੀ ਹੈ।



## ਮੋਰਗੇਜ ਦੀ ਮਿਆਦ

ਕਰਜ਼ੇ ਦੀ ਮਿਆਦ (Term of Loan) ਵਾਂਗ, ਇਹ ਤੁਹਾਡੀ ਵਿਆਜ ਦਰ ਨਾਲ ਜੁੜੀ ਹੋਈ ਮੌਜੂਦਾ ਮੋਰਗੇਜ ਕਰਜ਼ਾ ਸਮਝੌਤੇ ਦੀ ਮਿਆਦ ਹੈ।



## ਮੁੱਲ-ਨਿਰਧਾਰਨ

ਇਹ ਆਮ ਤੌਰ 'ਤੇ ਉਧਾਰ ਲੈਣ ਦੇ ਮਕਸਦ ਨਾਲ ਅਧਿਕਾਰਤ ਨਿਰਧਾਰਕ ਵੱਲੋਂ ਪ੍ਰਾਪਰਟੀ ਦੀ ਕੀਮਤ ਪਤਾ ਕਰਨ ਦੀ ਕਿਰਿਆ ਹੈ। ਇਹ ਕੀਮਤ ਘਰ ਦੀ ਖ਼ਰੀਦ ਕੀਮਤ ਜਿੰਨੀ ਹੋ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ ਹੈ।




## ਸਥਿਰ ਵਿਆਜ ਦਰ ਮੋਰਗੇਜ

ਮੋਰਗੇਜ ਜਿਸਦੀ ਵਿਆਜ ਦੀ ਦਰ ਖ਼ਾਸ ਸਮੇਂ ਲਈ ਸਥਿਰ ਹੁੰਦੀ ਹੈ। ਇਹ ਤੁਹਾਡੇ ਦੇਸ਼ ਵਿੱਚ ਵਿਆਜ ਦੀ ਨਿਰਧਾਰਤ ਦਰ (Fixed rate of Interest) ਵਰਗੀ ਹੁੰਦੀ ਹੈ।




## ਪਰਿਵਰਤਨਸ਼ੀਲ ਵਿਆਜ ਦਰ ਮੋਰਗੇਜ

ਮੋਰਗੇਜ ਜਿਸ ਵਿੱਚ ਵਿਆਜ ਦੀ ਦਰ ਬਦਲਦੀ ਹੈ ਜਦ ਮੂਲ ਦਰ ਬਦਲਦੀ ਹੈ। ਅਦਾਇਗੀ ਦੀ ਰਕਮ ਇਸ ਦਰ ਦੇ ਬਦਲਣ ਨਾਲ ਬਦਲ ਸਕਦੀ ਹੈ ਅਤੇ ਨਹੀਂ ਵੀ ਬਦਲ ਸਕਦੀ। ਇਸਦੀ ਉਦਾਹਰਣ ਵਿਆਜ ਦੀ ਪਰਿਵਰਤਨਸ਼ੀਲ ਦਰ (Floating rate of interest) ਹੈ।

# ਮੋਰਗੇਜਾਂ (ਜਾਰੀ)




## ਰਵਾਇਤੀ ਮੋਰਗੇਜ

ਮੋਰਗੇਜ ਜੋ ਖ਼ਰੀਦ ਕੀਮਤ ਜਾਂ ਘਰ ਦੀ ਕੀਮਤ ਦੇ 80% ਤੋਂ ਵੱਧ ਨਾ ਹੋਵੇ, ਜਿਹੜੀ ਵੀ ਘੱਟ ਹੈ।

---




## ਉੱਚ ਅਨੁਪਾਤ ਮੋਰਗੇਜ

ਮੋਰਗੇਜ ਜੋ ਖ਼ਰੀਦ ਕੀਮਤ ਜਾਂ ਘਰ ਦੀ ਕੀਮਤ ਦੇ 80% ਤੋਂ ਵੱਧ ਹੋਣ (ਜਿਹੜੀ ਵੀ ਘੱਟ ਹੋਵੇ)। ਉੱਚ ਅਨੁਪਾਤ ਮੋਰਗੇਜਾਂ ਦਾ ਅਦਾਇਗੀ ਦੇ ਖੁੰਝ ਜਾਣ ਲਈ ਮੋਰਗੇਜ ਬੀਮਾਕਰਤਾ ਜਿਵੇਂ CMHC (ਕੈਨੇਡਾ ਮੋਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ) ਵੱਲੋਂ ਬੀਮਾ ਹੋਣਾ ਚਾਹੀਦਾ ਹੈ ਅਤੇ ਉਧਾਰ ਲੈਣ ਵਾਲੇ ਨੂੰ ਵਾਧੂ ਪ੍ਰੀਮੀਅਮ ਦੇਣਾ ਪਵੇਗਾ।

# ਨਿਵੇਸ਼



## GICs ਅਤੇ ਮਿਆਦੀ ਡਿਪਾਜ਼ਿਟਸ

ਇਹ ਇੱਕ ਕਿਸਮ ਦਾ ਨਿਵੇਸ਼ ਹੈ ਜੋ ਤੁਹਾਡੇ ਮੂਲ ਨਿਵੇਸ਼ ਦੀ ਮੁੜ-ਅਦਾਇਗੀ ਦੀ ਗਰੰਟੀ ਦਿੰਦਾ ਹੈ ਅਤੇ ਆਮ ਤੌਰ ‘ਤੇ ਨਿਰਧਾਰਿਤ ਸਮੇਂ ਲਈ ਪੂਰਵ-ਨਿਸਚਿਤ  ਵਿਆਜ ਦਰ ਦੀ ਅਦਾਇਗੀ ਵੀ ਕਰਦਾ ਹੈ। ਇਹ ਤੁਹਾਡੇ ਦੇਸ਼ ਵਿਚਲੇ ਮਿਆਦੀ ਨਿਵੇਸ਼ (Fixed Deposit) ਵਰਗਾ ਹੈ।



## ਮਿਊਚਲ ਫੰਡਜ਼

ਇਹ ਬਹੁਤ ਸਾਰੇ ਨਿਵੇਸ਼ਕਾਂ ਵੱਲੋਂ ਮਾਹਰਾਂ ਦੁਆਰਾ ਪ੍ਰਬੰਧਿਤ ਨਿਵੇਸ਼ਾਂ ਦਾ ਵਿਭਾਗ ਹੈ ਜਿਨ੍ਹਾਂ ਦੀ ਫੰਡ ਵਿਚ “ਯੂਨਿਟਾਂ” ਦੀ ਮਾਲਕੀ ਹੁੰਦੀ ਹੈ।



## ਟੈਕਸ-ਫ਼ਰੀ ਬਚਤ ਖਾਤਾ (TFSA)

ਇਹ ਫੈਡਰਲ ਸਰਕਾਰ ਨਾਲ ਰਜਿਸਟਰਡ ਨਿਵੇਸ਼ ਅਦਾਰਾ ਹੈ ਜੋ ਤੁਹਾਨੂੰ ਟੈਕਸ ਫ਼ਰੀ ਧਨ ਨੂੰ ਵਧਾਉਣ ‘ਤੇ ਇਸਨੂੰ ਕਢਵਾਉਣ ਦੀ ਇਜ਼ਾਜ਼ਤ ਦਿੰਦਾ ਹੈ ਅਤੇ ਬਚਤ ਲਈ ਵੱਖੋ-ਵੱਖ ਛੋਟੀ ਮਿਆਦ ਅਤੇ ਲੰਬੀ ਮਿਆਦ ਵਾਲੇ ਟੀਚਿਆਂ ਲਈ ਲਚਕੀਲੇਪਣ ਦੀ ਤੁਹਾਨੂੰ ਪੇਸ਼ਕਸ਼ ਕਰਦਾ ਹੈ। TFSA ਵਿੱਚ ਆਪਣੇ ਯੋਗਦਾਨ ਦੀ ਸੀਮਾ ਬਾਰੇ ਸੁਚੇਤ ਹੋਣਾ ਮਹੱਤਵਪੂਰਨ ਹੁੰਦਾ ਹੈ - ਕਿਸੇ ਵੀ ਸਾਲ ਵਿੱਚ ਵੱਧ ਤੋਂ ਵੱਧ ਰਕਮ ਜੋ ਤੁਸੀਂ TFSA ਵਿੱਚ ਯੋਗਦਾਨ ਪਾ ਸਕਦੇ ਹੋ।



## ਰਜਿਸਟਰਡ ਰਿਟਾਇਰਮੈਂਟ ਬਚਤ ਯੋਜਨਾ (RRSP)

ਫੈਡਰਲ ਸਰਕਾਰ ਨਾਲ ਰਜਿਸਟਰਡ ਟੈਕਸ ਵਿਚ ਫਾਇਦੇ ਵਾਲੀ ਨਿਵੇਸ਼ ਯੋਜਨਾ ਜਿਸ ਵਿਚਲਾ ਯੋਗਦਾਨ ਟੈਕਸ-ਕਟੌਤੀਯੋਗ ਅਤੇ ਨਿਵੇਸ਼ ਦੀ ਕਮਾਈ ਟੈਕਸ-ਮੁਲਤਵੀ ਹੁੰਦੀ ਹੈ। ਇਹ ਰਜਿਸਟਰਡ ਯੋਜਨਾ ਹੈ ਜੋ ਰਿਟਾਇਰਮੈਂਟ ਤੱਕ ਟੈਕਸ ਨੂੰ ਮੁਲਤਵੀ ਕਰਕੇ, ਤੁਹਾਨੂੰ ਪੂਰਵ-ਟੈਕਸ ਧਨ ਦਾ ਯੋਗਦਾਨ ਪਾਉਣ ਦੀ ਇਜ਼ਾਜ਼ਤ ਦੇ ਕੇ, ਆਪਣੀ ਰਿਟਾਇਰਮੈਂਟ ਲਈ ਬਚਤ ਕਰਨ ਵਿੱਚ ਮਦਦ ਕਰਦੀ ਹੈ। ਇਨ੍ਹਾਂ ਫੰਡਜ਼ ਦਾ ਇਕ ਹਿੱਸਾ ਆਪਣਾ ਪਹਿਲਾ ਘਰ ਖ਼ਰੀਦਣ ਅਤੇ ਪੜ੍ਹਾਈ ਨੂੰ ਜਾਰੀ ਰੱਖਣ ਲਈ ਵੀ ਵਰਤਿਆ ਜਾ ਸਕਦਾ ਹੈ। RRSP ਵਿੱਚ ਯੋਗਦਾਨ ਦੀ ਸੀਮਾ ਬਾਰੇ ਸੁਚੇਤ ਹੋਣਾ ਮਹੱਤਵਪੂਰਨ ਹੁੰਦਾ ਹੈ - ਕਿਸੇ ਵੀ ਸਾਲ ਵਿਚ ਵੱਧ ਤੋਂ ਵੱਧ ਰਕਮ ਜੋ ਤੁਸੀਂ RRSP ਯੋਗਦਾਨ ਪਾ ਸਕਦੇ ਹੋ।



## ਰਜਿਸਟਰਡ ਐਜੂਕੇਸ਼ਨ ਬਚਤ ਯੋਜਨਾ (RESP)

ਫੈਡਰਲ ਸਰਕਾਰ ਨਾਲ ਰਜਿਸਟਰਡ ਟੈਕਸ ਵਿੱਚ ਫਾਇਦੇ ਵਾਲੀ ਨਿਵੇਸ਼ ਯੋਜਨਾ ਜੋ ਤੁਹਾਨੂੰ ਖਾਸ ਤੌਰ ‘ਤੇ ਬੱਚੇ ਦੀ ਪੋਸਟ-ਸੈਕੰਡਰੀ ਐਜੂਕੇਸ਼ਨ ਲਈ ਧਨ ਵੱਖਰਾ ਰੱਖਣ ਦੇ ਯੋਗ ਬਣਾਉਂਦੀ ਹੈ। ਇਹ ਰਜਿਸਟਰਡ ਯੋਜਨਾ ਹੈ ਜੋ ਸਰਕਾਰੀ ਗਰਾਂਟਾਂ ਅਤੇ ਟੈਕਸ-ਮੁਲਤਵੀ ਵਾਧੇ ਨਾਲ ਬੱਚੇ ਦੀ ਪੋਸਟ-ਸੈਕੰਡਰੀ ਐਜੂਕੇਸ਼ਨ ਲਈ ਬਚਤ ਕਰਨ ਵਾਸਤੇ ਮਦਦ ਕਰਦੀ ਹੈ। ਤੁਸੀਂ ਆਪਣੀ ਟੈਕਸ ਤੋਂ ਬਾਅਦ ਦੀ ਘਰੇਗੀ ਆਮਦਨ ਅਤੇ ਰਿਹਾਇਸ਼ੀ ਪ੍ਰੋਵਿੰਸ ‘ਤੇ ਅਧਾਰਤ ਵਾਧੂ ਗਰਾਂਟਾਂ ਅਤੇ ਬਾਂਡਜ਼ ਦੇ ਯੋਗ ਵੀ ਹੋ ਸਕਦੇ ਹੋ।

# ਮਨੀ ਟ੍ਰਾਂਸਫਰ



## *Interac* e-Transfer®

*Interac* e-Transfer® ਜੋ ਤੁਹਾਡੇ ਦੇਸ਼ ਵਿਚਲੇ ਇਲੈਕਟਰੋਨਿਕ ਮਨੀ ਟ੍ਰਾਂਸਫਰ (Electronic Money Transfer) ਵਰਗਾ ਹੁੰਦਾ ਹੈ, ਕੈਨੇਡੀਅਨ ਬੈਂਕਾਂ ਅਤੇ ਦੂਸਰੀਆਂ ਵਿੱਤੀ ਸੰਸਥਾਵਾਂ ਵਿਚਲੇ ਨਿੱਜੀ ਅਤੇ ਬਿਜਨਿਸ ਖਾਤਿਆਂ ਦਰਮਿਆਨ ਫੰਡਜ਼ ਟ੍ਰਾਂਸਫਰ ਸਰਵਿਸ ਹੈ ਜੋ Interac Corporation ਰਾਹੀਂ ਪੇਸ਼ ਕੀਤੀ ਜਾਂਦੀ ਹੈ। ਤੁਸੀਂ ਕੈਨੇਡੀਅਨ ਵਿੱਤੀ ਸੰਸਥਾ ਤੋਂ ਈਮੇਲ ਐਡਰੈੱਸ, ਜਾਂ ਮੋਬਾਇਲ ਅਤੇ ਬੈਂਕ ਖਾਤੇ ਨਾਲ ਕਿਸੇ ਵੀ ਵਿਅਕਤੀ ਜਾਂ ਬਿਜਨਿਸ ਨੂੰ ਪੈਸੇ ਭੇਜ ਸਕਦੇ ਹੋ।



## ਵਾਇਰਜ

ਤਾਰ ਟ੍ਰਾਂਸਫਰ (Wire Tansfer) ਵਰਗਾ, ਵਾਇਰ ਟ੍ਰਾਂਸਫਰ, ਦੇਸ਼ ਜਾਂ ਵਿਦੇਸ਼ ਵਿਚ ਇਕ ਵਿਅਕਤੀ ਜਾਂ ਬਿਜਨਿਸ ਵੱਲੋਂ ਦੂਸਰੇ ਨੂੰ ਇਲੈਕਟ੍ਰੋਨਿਕ ਫੰਡਜ਼ ਟ੍ਰਾਂਸਫਰ ਕਰਨਾ ਹੈ। ਇਹ ਖਾਸ ਤੌਰ 'ਤੇ ਬਰਾਂਚ ਵਿਚ ਕੀਤਾ ਜਾਂਦਾ ਹੈ, ਭਾਵੇਂ ਕਿ ਕੁਝ ਵਿੱਤੀ ਸੰਸਥਾਵਾਂ ਆਨਲਾਈਨ ਸਰਵਿਸ ਦੀ ਪੇਸ਼ਕਸ਼ ਵੀ ਕਰਦੀਆਂ ਹਨ।



## ਗਲੋਬਲ ਟ੍ਰਾਂਸਫਰ

ਇੰਡੀਆ ਵਿਚ ਅੰਤਰਰਾਸ਼ਟਰੀ ਤਾਰ ਟ੍ਰਾਂਸਫਰ (International Wire Transfer) ਵਰਗੀ, ਗਲੋਬਲ ਟ੍ਰਾਂਸਫਰ ਅਜੇਹੀ ਸਰਵਿਸ ਹੈ ਜੋ ਆਪਣੀ ਬੈਂਕਿੰਗ ਵੈਬਸਾਈਟ ਜਾਂ ਮੋਬਾਇਲ ਐਪ ਵਰਤ ਕੇ ਆਪਣੇ ਤਰਜ਼ੀਹੀ ਤਰੀਕੇ ਨਾਲ ਆਪਣੇ ਖਾਤੇ ਵਿੱਚੋਂ ਤੁਹਾਨੂੰ ਅੰਤਰਰਾਸ਼ਟਰੀ ਪੈਸੇ ਭੇਜਣ ਦੀ ਇਜਾਜ਼ਤ ਦਿੰਦੀ ਹੈ।



## Western Union® Money Transfer℠

ਤੁਸੀਂ 200 ਤੋਂ ਜ਼ਿਆਦਾ ਦੇਸ਼ਾਂ ਅਤੇ ਖਿੱਤਿਆਂ ਵਿੱਚ Western Union® ਦੇ ਏਜੰਟਾਂ ਤੋਂ ਕੈਸ਼ ਲੈਣ ਲਈ[1] Western Union® Money Transfer℠ ਰਾਹੀਂ ਪੈਸੇ ਭੇਜ ਸਕਦੇ ਹੋ।



## Visa* ਡਾਇਰੈਕਟ

ਤੁਸੀਂ ਦੇਸ਼ ਅਤੇ ਵਿਦੇਸ਼ ਵਿੱਚ ਆਪਣੇ ਖਾਤੇ ਵਿੱਚੋਂ ਆਪਣੇ ਪ੍ਰਾਪਤ-ਕਰਤਾ ਦੇ ਯੋਗ Visa* ਕਾਰਡ ਵਿਚ ਪੈਸੇ ਭੇਜ ਸਕਦੇ ਹੋ।



## ਅਸੀਂ ਤੁਹਾਨੂੰ ਅੱਗੇ ਵੱਧਣ ਵਿਚ ਮਦਦ ਕਰਨ ਲਈ ਤਿਆਰ ਹਾਂ।

ਅਸੀਂ ਤੁਹਾਡੇ ਹਰ ਕਦਮ ‘ਤੇ ਮਦਦ ਕਰਨ ਲਈ ਹਾਜ਼ਰ ਹਾਂ ਜਦ ਤੁਸੀਂ ਕੈਨੇਡਾ ਵਿੱਚ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਦੇ ਹੋ। **ਜ਼ਿਆਦਾ ਜਾਨਣ ਲਈ ਕਿਸੇ ਵੀ TD ਬਰਾਂਚ ਵਿਚ ਸਾਡੇ ਕੋਲ ਆਓ, 1-866-222-3456 ਤੇ ਸਾਨੂੰ ਫ਼ੋਨ ਕਰੋ ਜਾਂ td.com/newtocanadasolutions `ਤੇ ਜਾਓ।**

[1] Western Union ਏਜੰਟ ਲੋਕੇਸ਼ਨਾਂ, ਪ੍ਰਾਪਤਕਰਤਾ ਨੂੰ ਬਦਲਵੀਆਂ ਪਿੱਕਅੱਪ ਚੋਣਾਂ ਵੀ ਉਪਲਬਧ ਕਰਵਾ ਸਕਦੀਆਂ ਹਨ।

*Interac*® e-Transfer, Interac Corp ਦਾ ਲਾਇਸੈਂਸ ਅਧੀਨ ਵਰਤਿਆ ਜਾਂਦਾ ਰਜਿਸਟਰਡ ਟਰੇਡ ਮਾਰਕ ਹੈ।

**WESTERN UNION** ਨਾਮ, ਲੋਗੋ, ਸਬੰਧਤ ਟਰੇਡਮਾਰਕਸ ਅਤੇ ਸਰਵਿਸ ਮਾਰਕਸ Western Union Holdings, Inc. ਦੀ ਮਲਕੀਅਤ ਹਨ, ਯੂ ਐਸ ਤੇ ਬਹੁਤ ਸਾਰੇ ਵਿਦੇਸ਼ਾਂ ਵਿਚ ਰਜਿਸਟਰਡ ਹਨ ਅਤੇ/ਜਾਂ ਵਰਤੇ ਜਾਂਦੇ ਹਨ ਅਤੇ ਮਨਜ਼ੂਰੀ ਨਾਲ ਵਰਤੇ ਜਾਂਦੇ ਹਨ।

*Visa International Service Association ਦਾ ਟਰੇਡਮਾਰਕ ਲਾਇਸੈਂਸ ਅਧੀਨ ਵਰਤਿਆ ਜਾਂਦਾ ਹੈ।

® TD ਲੋਗੋ ਅਤੇ ਦੂਸਰੇ ਟਰੇਡਮਾਰਕਸ The Toronto-Dominion Bank ਜਾਂ ਇਸਦੀਆਂ ਸਹਾਇਕ ਕੰਪਨੀਆਂ ਦੀ ਮਲਕੀਅਤ ਹਨ।